**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

---

ਵੱਲ :

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ**
**ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ**

ਮੀਮੋ ਨੰ : 13/1-2018/SSA/MIS/29470
ਮਿਤੀ : ਚੰਡੀਗੜ੍ਹ 17 ਜੁਲਾਈ, 2018

**ਵਿਸ਼ਾ :** **ਆਨਲਾਈਨ ਅਪਲਾਈ ਕੀਤੀਆਂ ਜਾਂਦੀਆਂ ਛੁੱਟੀਆਂ ਸਬੰਧੀ।**

1.0 ਸਿੱਖਿਆ ਵਿਭਾਗ ਵਲੋਂ ਈਪੰਜਾਬਸਕੂਲ ਪੋਰਟਲ ਉੱਤੇ ਛੁੱਟੀਆਂ ਆਨਲਾਈਨ ਅਪਲਾਈ ਕਰਨ ਦੀ ਸੁਵਿਧਾ ਸਿੱਖਿਆ ਵਿਭਾਗ ਦੇ ਮੁਲਾਜਮਾਂ ਨੂੰ ਦਿੱਤੀ ਗਈ ਹੈ। ਪਿਛਲੇ ਇੱਕ ਮਹੀਨੇ ਦੌਰਾਨ ਇਸ ਸਿਸਟਮ ਰਾਹੀਂ ਬਹੁਤ ਸਾਰੀਆਂ ਅਰਜੀਆਂ ਆਨਲਾਈਨ ਪ੍ਰਾਪਤ ਕੀਤੀਆਂ ਗਈਆਂ ਅਤੇ ਇਨ੍ਹਾਂ ਦਾ ਨਿਪਟਾਰਾ ਵੀ ਵੱਖ-ਵੱਖ ਪੱਧਰ ਉੱਤੇ ਆਨਲਾਈਨ ਹੀ ਕੀਤਾ ਗਿਆ ਹੈ।

2.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਦਫਤਰ ਵਿਚ ਕਿਸੇ ਮੌਜੂਦਾ ਤਜਰਬੇਕਾਰ ਅਧਿਕਾਰੀ ਨੂੰ Leave Manager ਲਗਾਉਣ ਅਤੇ ਸਬੰਧਤ ਦਫਤਰ ਦਾ ਆਨਲਾਈਨ ਛੁੱਟੀਆਂ ਦਾ ਸਾਰਾ ਕੰਮ ਇਸ ਅਧਿਕਾਰੀ ਵਲੋਂ ਹੀ ਕੀਤਾ ਜਾਵੇਗਾ। ਵੱਖ-ਵੱਖ ਕਾਡਰ ਅਤੇ ਕੈਟਾਗਰੀ ਦੇ ਅਧਿਆਪਕਾਂ/ਅਧਿਕਾਰੀਆਂ ਦੀਆਂ ਛੁੱਟੀਆਂ ਲਈ ਵੱਖ-ਵੱਖ ਅਧਿਕਾਰੀਆਂ ਨੂੰ ਨਹੀਂ ਲਗਾਇਆ ਜਾਵੇਗਾ। ਇੱਕ ਦਫਤਰ ਵਿਚ ਸਿਰਫ ਇੱਕ ਹੀ Leave Manager ਲਗਾਇਆ ਜਾਵੇਗਾ ਅਤੇ ਆਨਲਾਈਨ ਆਈਆਂ ਅਰਜੀਆਂ ਸਬੰਧੀ ਸਾਰੀ ਕਾਰਵਾਈ ਰੋਜਾਨਾ ਸਬੰਧਤ ਅਫਸਰ ਤੋਂ ਪ੍ਰਵਾਨ ਕਰਵਾ ਕੇ ਆਨਲਾਈਨ ਅਪਡੇਟ ਕਰਨ ਦੀ ਜਿੰਮੇਵਾਰੀ ਇਸੀ ਅਧਿਕਾਰੀ ਦੀ ਹੋਵੇਗੀ।

3.0 ਮੁੱਖ ਦਫਤਰ ਦੇ ਧਿਆਨ ਵਿਚ ਇਹ ਵੀ ਆਇਆ ਹੈ ਕਿ ਬਹੁਤ ਸਾਰੇ ਜਿਲ੍ਹਾ ਅਤੇ ਬਲਾਕ ਦਫਤਰਾਂ ਵਿਚ ਅਜੇ ਵੀ ਛੁੱਟੀਆਂ ਦੀਆਂ ਅਰਜੀਆਂ ਕਾਗਜਾਂ ਉੱਤੇ ਲਈਆਂ ਜਾ ਰਹੀਆਂ ਹਨ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਅਧਿਕਾਰੀ ਦੀ ਅਰਜੀ ਦਸਤੀ ਦਫਤਰ ਵਿਚ ਨਹੀਂ ਲਈ ਜਾਵੇਗੀ। ਸਿਰਫ ਆਨਲਾਈਨ ਆਈਆਂ ਅਰਜੀਆਂ ਉੱਤੇ ਹੀ ਕਾਰਵਾਈ ਕੀਤੀ ਜਾਵੇਗੀ।

4.0 ਜੇਕਰ ਆਨਲਾਈਨ ਛੁੱਟੀਆਂ ਦੇ ਸਾਫਟਵੇਅਰ ਸਬੰਧੀ ਕਿਸੇ ਦਾ ਕੋਈ ਸੁਝਾਅ ਹੈ ਤਾਂ ਉਹ ਈਮੇਲ mispunjab@punjabeducation.gov.in ਉੱਤੇ ਭੇਜ ਸਕਦਾ ਹੈ।

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-**

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2) ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ
3) ਡੀ.ਪੀ.ਆਈ. (ਸੈ.ਸਿ.), ਪੰਜਾਬ
4) ਡੀ.ਪੀ.ਆਈ. (ਐ.ਸਿ.), ਪੰਜਾਬ